ਤਜਵੀਜ:

ਵਿਸ਼ਾ- **ਨਗਰ ਨਿਗਮ ਅੰਮ੍ਰਿਤਸਰ ਦਾ ਅਨੁਮਾਨਤ ਬਜਟ ਸਾਲ 2023-24**

ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਦਾ ਨੋਟ ਜੋ ਕਿ ਹੇਠ ਲਿਖੇ ਅਨੁਸਾਰ ਹੈ :

ਇਸ ਦਫਤਰ ਦੇ ਪੱਤਰ ਨੰ: ਡੀ.ਸੀ.ਐਫ.ਏ./305 ਮਿਤੀ 6-1-22 ਅਤੇ ਯਾਦ ਪੱਤਰ ਨੰ: ਡੀਸੀਐਫਏ/261-62 ਮਿਤੀ 20-1-2023, ਸੀਐਫਏ/275-76 ਮਿਤੀ 3-2-23. ਡੀਸੀਐਫਏ/ 287-88 ਮਿਤੀ 15-2-23 ਡੀਸੀਐਫਏ/275-76 ਅਤੇ ਡੀਸੀਐਫਏ/310-11 ਮਿਤੀ 2-3-23. ਅਤੇ ਡੀਸੀਐਫਏ/325-26 ਮਿਤੀ 14-3-23. ਰਾਹੀ ਸਾਲ 2023-24 ਦਾ ਅਨੁਮਾਨਤ ਬਜਟ ਬਣਾਉਣ ਲਈ ਵਖ ਵਖ ਵਿਭਾਗਾਂ ਪਾਸੋਂ ਵੇਰਵੇ ਮੰਗੇ ਗਏ ਸੀ, ਵੇਰਵੇ ਪਾਪਤ ਹੋਣ ਤੋਂ ਬਾਅਦ ਇਸ ਬਜਟ ਵਿਚ ਸਾਲ 2022-23 ਦਾ ਰੀਵਾਈਜਡ ਅਤੇ ਸਾਲ 2023-24 ਦਾ ਅਨੁਮਾਨਤ ਬਜਟ ਬਣਾਇਆ ਗਿਆ ਹੈ। ਨਗਰ ਨਿਗਮ, ਅੰਮ੍ਰਿਤਸਰ ਦਾ ਜੋ ਸਾਲ 2023-24 ਦਾ ਅਨੁਮਾਨਤ ਬਜਟ ਬਣਾਇਆ ਗਿਆ ਹੈ ਉਸ ਅਨੁਸਾਰ ਅਮਲੇ ਤੇ 72%, ਅਚਨਚੇਤ ਤੇ 3% ਅਤੇ ਵਿਕਾਸ ਦੇ ਕੰਮਾਂ ਵਿਚ 25% ਅਨੁਮਾਨਿਤ ਖਰਚਾ ਹੋਵੇਗਾ।

ਨਗਰ ਨਿਗਮ, ਅੰਮ੍ਰਿਤਸਰ ਦਾ ਬਜਟ ਵਖ ਵਖ ਹੈਡਾਂ ਵਿਚ ਨੱਥੀ ਅਨੁਲਗਾਂ ਵਿਚ ਦਰਸਾਇਆ ਗਿਆ ਹੈ। ਸਾਲ 2023-24 ਵਿਚ ਜੋ ਵੀ ਬਜਟ ਉਪਬੰਧ ਕੀਤਾ ਜਾ ਰਿਹਾ ਹੈ, ਦੇ ਸਬੰਧ ਵਿਚ ਆਸ ਕੀਤੀ ਜਾਂਦੀ ਹੈ ਕਿ ਉਪਬੰਧ ਅਗਲੇ ਸਾਲ ਵਿਚ ਪੂਰਾ ਕੀਤਾ ਜਾਵੇਗਾ। ਨਗਰ ਨਿਗਮ, ਅੰਮ੍ਰਿਤਸਰ ਵਲੋਂ ਸੋਧਿਆ ਹੋਇਆ ਬਜਟ ਸਾਲ 2022-23 ਅਤੇ ਅਨੁਮਾਨਿਤ ਬਜਟ 2023-24 ਇਸ ਤਰਾਂ ਬਣਾਇਆ ਗਿਆ ਹੈ ਕਿ ਨਗਰ ਨਿਗਮ ਅੰਮ੍ਰਿਤਸਰ ਦੇ ਕੰਬਾਇੰਡ, ਜਨਰਲ ਸਾਈਡ ਅਤੇ ਵਾਟਰ ਸਪਲਾਈ ਅਤੇ ਸੀਵਰੇਜ ਵਿਭਗ ਦਾ ਬਜਟ ਕ੍ਰਮਵਾਰ ਅਨੁਲਗ 1,2 ਅਤੇ 3,12 ਵਿਚ ਦਰਸਾਇਆ ਗਿਆ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

ਸਰਕਾਰ ਵਲੋਂ ਸਾਲ 2023-24 ਦਾ ਬਜਟ ਪਾਸ ਕਰਨ ਸਮੇਂ ਕੁਲ 35369.43 ਲੱਖ ਰੁਪਏ (353.69 ਕਰੋੜ) ਆਮਦਨ ਦਾ ਬਜਟ ਟੀਚਾ ਮੰਜੂਰ ਕੀਤਾ ਗਿਆ ਸੀ ਜਿਸ ਵਿੱਚ 34519.43 ਲੱਖ

ਬਾਕੀ ਸਫਾ..2

ਰੁਪਏ (345.19 ਕਰੋੜ) ਜਨਰਲ ਸਾਈਡ ਦੀ ਆਮਦਨ ਅਤੇ 850.00 ਲੱਖ ਰੁਪਏ (8.50 ਕਰੋੜ) ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ ਮੰਜੂਰ ਕੀਤੀ ਗਈ ਸੀ। ਇਸ ਆਮਦਨ ਵਿਰੁੱਧ ਸਰਕਾਰ ਵਲੋਂ ਸਾਲ 2022-23 ਲਈ 35595.50 ਲੱਖ ਰੁਪਏ (355.95 ਕਰੋੜ) ਦਾ ਕੁਲ ਖਰਚਾ ਨਗਰ ਨਿਗਮ ਦਾ ਪ੍ਰਵਾਨ ਕੀਤਾ ਗਿਆ ਸੀ ਜਿਸ ਵਿਚੋਂ 25000.00 ਲੱਖ ਰੁਪਏ (250.00 ਕਰੋੜ) ਅਮਲੇ ਲਈ, 1055.50 ਲੱਖ ਰੁਪਏ (10.55 ਕਰੋੜ) ਕੰਟੀਜੈਂਸੀ ਲਈ ਅਤੇ 9540.00 ਲੱਖ ਰੁਪਏ (95.40 ਕਰੋੜ) ਵਿਕਾਸ ਦੇ ਕੰਮਾਂ ਲਈ ਸੀ। ਇਸ ਤੋਂ ਇਲਾਵਾ ਵਿਕਾਸ ਦੇ ਨਾਨ ਕਮਿਟਿਡ ਖਰਚੇ ਸਰਕਾਰ ਵਲੋਂ ਪ੍ਰਾਪਤ ਹੋਣ ਵਾਲੀਆਂ ਗਰਾਂਟਾਂ ਵਿਚੋਂ ਕਰਨ ਦੇ ਹੁਕਮ ਕੀਤੇ ਗਏ ਸਨ। ਨਗਰ ਨਿਗਮ, ਅੰਮ੍ਰਿਤਸਰ ਦਾ ਸਾਲ 2023-24 ਦਾ ਅਨੁਮਾਨਤ ਬਜਟ ਜੋ ਕੁਲ 45200.00 ਲੱਖ ਰੁਪਏ (452 ਕਰੋੜ ) ਦਾ ਤਿਆਰ ਕੀਤਾ ਗਿਆ ਹੈ ਅਤੇ ਸਰਕਾਰ ਵਲੋਂ ਪ੍ਰਾਪਤ ਹੋਣ ਵਾਲੀਆਂ ਗਰਾਂਟਾਂ ਨਾਲ ਵਿਕਾਸ ਦੇ ਕੰਮ ਕਰਵਾਏ ਜਾਣਗੇ। ਜੇਕਰ ਸਰਕਾਰ ਵਲੋਂ ਕਿਸੇ ਵੀ ਟੈਕਸ, ਫੀਸ ਆਦਿ ਦਾ ਵਾਧਾ ਕੀਤਾ ਜਾਵੇਗਾ ਤਾਂ ਉਸ ਅਨੁਸਾਰ ਨਗਰ ਨਿਗਮ ਦੀ ਆਮਦਨ ਵਿਚ ਵਾਧਾ ਵਖਰਾ ਹੋਵੇਗਾ।

**<u>ਜਨਰਲ ਸਾਈਡ ਦੀ ਆਮਦਨ</u>**

ਸਰਕਾਰ ਵਲੋਂ ਜਨਰਲ ਸਾਈਡ ਦੀ ਆਮਦਨ ਸਾਲ 2022-23 ਲਈ 34579.43 ਲੱਖ ਰੁਪਏ (345.19 ਕਰੋੜ) ਮੰਜੂਰ ਕੀਤੀ ਗਈ ਸੀ। ਮਿਤੀ 1-4-22 ਨੂੰ ਜਨਰਲ ਸਾਈਡ ਦਾ ਮੁੱਢਲਾ ਬਕਾਇਆ 2382.67 ਲੱਖ ਰੁਪਏ (23.83 ਕਰੋੜ ) ਸੀ। ਮਿਤੀ 1-4-2022 ਤੋਂ 31-12-2022 ਤੱਕ ਜਨਰਲ ਸਾਈਡ ਦੀ ਆਮਦਨ 19789.18 ਲੱਖ ਰੁਪਏ (197.89 ਕਰੋੜ ) ਪ੍ਰਾਪਤ ਹੋਈ ਹੈ, 3774.19 ਲੱਖ ਰੁਪਏ ( 37.74 ਕਰੋੜ ) ਸਰਕਾਰ ਵਲੋਂ 15ਵੇ ਵਿੱਤ ਕਮਿਸ਼ਨ ਦੀ ਗਰਾਂਟ ਪ੍ਰਾਪਤ ਹੋਈ ਹੈ । ਸਾਲ 2023-24 ਦੀ ਆਮਦਨ ਦਾ ਟੀਚਾ 43700.00 ਲੱਖ ਰੁਪਏ (437.00 ਕਰੋੜ) ਮਿਥਿਆ ਗਿਆ ਹੈ। ਇਸ ਦਾ ਵੇਰਵਾ ਅਨੁਲਗ-4 ਵਿਚ ਦਰਸਾਇਆ ਗਿਆ ਹੈ।

ਚਲਦਾ ਸਫਾ..3

## ਖਰਚਾ

### ਅਮਲਾ ਖਰਚਾ

ਸਾਲ 2022-23 ਵਿਚ ਇਸ ਮੱਦ ਅਧੀਨ ਸਰਕਾਰ ਦੁਆਰਾ 20000 .00 ਲੱਖ ਰੁਪਏ (200.00 ਕਰੋੜ )ਮੰਨਜ਼ੂਰ ਕੀਤੇ ਗਏ ਸਨ। ਇਸ ਵਿਚੋਂ ਮਿਤੀ 1-4-2022 ਤੋਂ 31-12-2022 ਤੱਕ 14057.18 ਲੱਖ ਰੁਪਏ (140.57 ਕਰੋੜ) ਦਾ ਖਰਚਾ ਹੋਇਆ ਹੈ ਅਤੇ 31-3-2023ਤੱਕ 21900.00 ਲੱਖ ਰੁਪਏ (219.00 ਕਰੋੜ) ਖਰਚ ਹੋਣ ਦੀ ਸੰਭਾਵਨਾ ਹੈ। ਸਾਲ 2022-23 ਦਾ ਸੋਧਿਆ ਖਰਚਾ 219.00 ਲੱਖ ਰੁਪਏ (219.00 ਕਰੋੜ) ਤਜਵੀਜ ਕੀਤਾ ਜਾਂਦਾ ਹੈ। ਸਾਲ 2022-23 ਵਿਚ ਜੋ ਸਰਕਾਰ ਵਲੋਂ ਬਜਟ ਪਾਸ ਕੀਤਾ ਗਿਆ ਸੀ ਉਸ ਵਿਚ ਖਾਲੀ ਅਸਾਮੀਆਂ ਦਾ ਖਰਚਾ ਘਟਾ ਕੇ ਬਜਟ ਪਾਸ ਕੀਤਾ ਸੀ। ਇਸ ਮੱਦ ਅਧੀਨ ਸਾਲ 2023-24ਲਈ 26700.00 ਲੱਖ ਰੁਪਏ (267.00 ਕਰੋੜ) ਦਾ ਉਪਬੰਧ ਖਾਲੀ ਅਸਾਮੀਆਂ ਦਾ ਖਰਚਾ ਘਟਾ ਕੇ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਰਮਚਾਰੀਆਂ ਦੀ ਗ੍ਰੈਚੁਅਟੀ, ਐਕਸਗਰੇਸ਼ੀਆਂ, ਬਕਾਇਆ ਛੁੱਟੀਆਂ ਦੇ ਲਾਭ, ਪੀ.ਐਫ. ਦੇ ਬਕਾਏ ਅਤੇ ਹੋਰ ਬਕਾਏ ਆਦਿ ਦਾ ਖਰਚੇ ਵੀ ਇਸ ਵਿਚ ਸ਼ਾਮਲ ਹਨ। ਅਮਲੇ ਖਰਚੇ ਦਾ ਵੇਰਵਾ ਅਨੁਲਗ-5 ਵਿਚ ਦਰਸਾਇਆ ਗਿਆ ਹੈ।

### ਕੰਟੀਜੈਂਸੀ

ਸਾਲ 2022-23 ਵਿਚ ਇਸ ਮੱਦ ਹੇਠ 1053.00 ਲੱਖ ਰੁਪਏ (10.53 ਕਰੋੜ) ਦਾ ਬਜਟ ਉਪਬੰਧ ਮੰਜੂਰ ਕੀਤਾ ਗਿਆ ਸੀ ਅਤੇ ਮਿਤੀ 1-4-2022 ਤੋਂ 31-12-2022 ਤੱਕ ਇਸ ਮੱਦ ਅਧੀਨ 849.90 ਲੱਖ ਰੁਪਏ (8.49 ਕਰੋੜ) ਦਾ ਖਰਚਾ ਹੋ ਚੁੱਕਾ ਹੈ ਅਤੇ 31-3-2023 ਤੱਕ ਖਰਚ ਹੋਣ ਦੀ ਸੰਭਾਵਨਾ ਹੈ। 1162.50 ਲੱਖ ਰੁਪਏ (11.62 ਕਰੋੜ) ਸੋਧੇ ਹੋਏ ਬਜਟ ਲਈ ਤਜਵੀਜ ਕੀਤਾ ਜਾਂਦਾ ਹੈ। ਸਾਲ 2023-24 ਵਿਚ ਇਸ ਮੱਦ ਅਧੀਨ 1390.00 ਲੱਖ ਰੁਪਏ (13.90 ਕਰੋੜ ) ਖਰਚਾ ਕਰਨ ਦਾ ਉਪਬੰਧ ਕੀਤਾ ਗਿਆ ਹੈ । ਜਿਸ ਦਾ ਵੇਰਵਾ ਅਨੁਲਗ -6 ਏ ਵਿਚ ਦਰਸਾਇਆ ਗਿਆ ਹੈ।

ਚਲਦਾ ਸਫਾ..4

## ਵਿਕਾਸ ਦੇ ਖਰਚੇ ਦਾ ਵੇਰਵਾ

ਸਾਲ 2022-23 ਵਿਚ ਇਸ ਮੱਦ ਅਧੀਨ 7990.00 ਲੱਖ ਰੁਪਏ (79.90 ਕਰੋੜ ) ਦਾ ਬਜਟ ਸਰਕਾਰ ਵਲੋਂ ਪ੍ਰਵਾਨ ਕੀਤਾ ਗਿਆ ਸੀ ਮਿਤੀ 1-4-22 ਤੋਂ 31-12-22 ਤੱਕ ਇਸ ਮੱਦ ਅਧੀਨ ਜਰਨਲ ਸਾਈਡ ਦਾ ਕੁਲ ਖਰਚਾ 3553.75 ਲੱਖ ਰੁਪਏ (35.53 ਕਰੋੜ ) ਦਾ ਖਰਚਾ ਹੋਇਆ ਹੈ। ਇਸ ਤੋਂ ਇਲਾਵਾ ਜਨਰਲ ਸਾਈਡ ਵਲੋਂ 2570.00 ਲੱਖ ਰੁਪਏ (25.70 ਕਰੋੜ) ਦਾ ਕੰਟਰੀਬਿਊਸ਼ਨ ਸਾਲ 2022-23 ਦੋਰਾਨ ਮਿਤੀ 1-4-22 ਤੋਂ 31-12-22 ਤੱਕ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਨੂੰ ਦਿੱਤਾ ਜਾ ਚੁੱਕਾ ਹੈ । ਸਾਲ 2023-24 ਲਈ ਵਿਕਾਸ ਦੇ ਕੰਮਾਂ ਲਈ 9500.00 ਲੱਖ ਰੁਪਏ (95.00 ਕਰੋੜ) ਖਰਚ ਕਰਨ ਦਾ ਉਪਬੰਧ ਕੀਤਾ ਗਿਆ ਹੈ। ਨਗਰ ਨਿਗਮ ਅੰਮ੍ਰਿਤਸਰ ਨੂੰ ਸਰਕਾਰ ਪਾਸੋਂ ਜੋ ਵੀ ਗਰਾਂਟ ਪ੍ਰਾਪਤ ਹੋਣ ਦੀ ਆਸ ਹੈ, ਉਸ ਰਾਸ਼ੀ ਨਾਲ ਵੀ ਵਿਕਾਸ ਦੇ ਕੰਮ ਕੀਤੇ ਜਾਣਗੇ।

## ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ

### ਆਮਦਨ

ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੇ ਆਪਣੇ ਬਜਟ ਸਾਲ 2022-23 ਲਈ 850.00 ਲੱਖ ਰੁਪਏ (8.5 ਕਰੋੜ) ਦੀ ਆਮਦਨ ਦੀ ਸਰਕਾਰ ਵਲੋ ਮੰਜੂਰੀ ਦਿਤੀ ਗਈ ਸੀ। ਮਿਤੀ 1-4-22 ਨੂੰ ਇਸ ਵਿਭਾਗ ਦਾ ਮੁੱਢਲਾ ਬਕਾਇਆ 331.98 ਲੱਖ ਰੁਪਏ ਸੀ। ਇਸ ਵਿਭਾਗ ਨੂੰ ਮਿਤੀ 1-4-22 ਤੋਂ 31-12-22 ਤੱਕ 934.19 ਲੱਖ ਰੁਪਏ (9.34 ਕਰੋੜ) ਆਮਦਨ ਅਤੇ 2570.00 ਲੱਖ ਰੁਪਏ (25.70ਕਰੋੜ) ਜਨਰਲ ਸਾਈਡ ਤੁੋ ਕੰਟਰੀਬਿਊਸ਼ਨ ਪ੍ਰਾਪਤ ਹੋਈ ਹੈ ਸਾਲ 2023-24 ਵਿਚ 1500.00 ਲੱਖ ਰੁਪਏ (15 ਕਰੋੜ) ਦੀ ਆਮਦਨ ਦਾ ਉਪਬੰਧ ਕੀਤਾ ਗਿਆ ਹੈ। ਇਸ ਤੇ ਇਲਾਵਾ 6110.00 ਲੱਖ ਰੁਪਏ (61.10 ਕਰੋੜ ) ਦੀ ਕੰਟਰੀਬਿਊਸ਼ਨ ਸਾਲ 2023-24 ਦੋਰਾਨ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਵਲੋਂ ਨਗਰ ਨਿਗਮ, ਅੰਮ੍ਰਿਤਸਰ ਦੀ ਜਨਰਲ ਸਾਈਡ ਤੋਂ ਪਾਪਤ ਕਰਨ ਦਾ ਉਪਬੰਧ ਕੀਤਾ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 12 ਵਿਚ ਦਰਸਾਇਆ ਗਿਆ ਹੈ।

ਚਲਦਾ ਸਫਾ....5

**ਖਰਚਾ ਅਮਲਾ**

ਇਸ ਵਿਭਾਗ ਦੇ ਅਮਲੇ ਦਾ ਖਰਚਾ ਸਾਲ 2022-23 ਲਈ 5000.00 ਲੱਖ ਰੁਪਏ (50.00 ਕਰੋੜ) ਸਰਕਾਰ ਵਲੋਂ ਮੰਜ਼ੂਰ ਕੀਤਾ ਗਿਆ ਸੀ ਮਿਤੀ 1-4-22 ਤੋ 31-12-22 ਤੱਕ ਇਸ ਮੱਦ ਅਧੀਨ 3557.26 ਲੱਖ ਰੁਪਏ (35.51 ਕਰੋੜ) ਖਰਚਾ ਹੋ ਚੁੱਕਾ ਹੈ ਅਤੇ 31-3-2023 ਤੱਕ 5000.00 ਲੱਖ ਰੁਪਏ (50.00 ਕਰੋੜ) ਖਰਚਾ ਹੋਣ ਦੀ ਸੰਭਾਵਨਾ ਹੈ। ਸਾਲ 2023-24 ਲਈ ਇਸ ਮੱਦ ਹੇਠ 5800.00 ਲੱਖ ਰੁਪਏ (58.00 ਕਰੋੜ) ਖਰਚ ਹੋਣ ਦੀ ਤਜਵੀਜ ਹੈ ਅਤੇ ਅਮਲੇ ਦੇ ਖਰਚੇ ਵਿਚੋਂ ਖਾਲੀ ਅਸਾਮੀਆਂ ਦਾ ਖਰਚਾ ਘਟਾ ਕੇ ਬਜਟ ਬਣਾਇਆ ਗਿਆ ਹੈ। ਇਸ ਦਾ ਵੇਰਵਾ ਅਨੁਲਗ 3,9 ਵਿਚ ਦਰਜ ਹੈ।

**ਅਚਨਚੇਤ ਖਰਚਾ**

ਇਸ ਮੱਦ ਹੇਠ ਸਾਲ 2022-23 ਲਈ 2.50 ਲੱਖ ਰੁਪਏ ਖਰਚੇ ਦੀ ਮੰਜ਼ੂਰੀ ਸਰਕਾਰ ਵਲੋ ਦਿਤੀ ਗਈ ਸੀ, ਮਿਤੀ 1-4-22 ਤੋ 31-12-22 ਤੱਕ ਇਸ ਮੱਦ ਅਧੀਨ 0.54ਲੱਖ ਰੁਪਏ ਖਰਚਾ ਹੋ ਚੁੱਕਾ ਹੈ। ਸਾਲ 2023-24 ਲਈ 10.00 ਲੱਖ ਰੁਪਏ ਦਾ ਖਰਚਾ ਇਸ ਹੈਡ ਵਿਚ ਕਰਨ ਦਾ ਉਪਬੰਧ ਕੀਤਾ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 12 ਵਿਚ ਦਰਜ ਹੈ।

**ਵਿਕਾਸ ਦੇ ਕੰਮਾਂ ਤੇ ਖਰਚਾ**

ਸਾਲ 2022-23 ਲਈ ਇਸ ਮੱਦ ਹੇਠ 1450.00 ਲੱਖ ਰੁਪਏ (14.50 ਕਰੋੜ) ਦਾ ਖਰਚਾ ਕਰਨ ਦੀ ਪ੍ਰਵਾਨਗੀ ਸਰਕਾਰ ਵਲੋਂ ਦਿਤੀ ਗਈ ਸੀ ਮਿਤੀ 1-4-22 ਤੋ 31-12-22 ਤੱਕ ਇਸ ਮੱਦ ਅਧੀਨ 13.74 ਲੱਖ ਰੁਪਏ ਖਰਚਾ ਹੋਇਆ ਹੈ ਅਤੇ ਬਾਕੀ ਡਿਵੈਲਪਮੈਂਟ ਦੇ ਕੰਮ ਗੌਰਮਿੰਟ ਪਾਸੋ ਪ੍ਰਾਪਤ ਹੋਣ ਵਾਲੀ ਗਰਾਂਟ ਵਿਚੋ ਕੀਤੇ ਗਏ ਹਨ । ਸਾਲ 2023-24 ਵਿਚ ਇਸ ਮੱਦ ਹੇਠ 1800.00 ਲੱਖ

ਚਲਦਾ ਸਫਾ...6

ਰੁਪਏ (18.00ਕਰੋੜ) ਖਰਚੇ ਦਾ ਉਪਬੰਧ ਕੀਤਾ ਗਿਆ ਹੈ, ਜਿਸ ਦਾ ਵੇਰਵਾ ਅਨੁਲਗ 3, 12 ਵਿਚ ਦਰਸਾਇਆ ਗਿਆ ਹੈ। ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ 1500.00 ਲੱਖ ਰੁਪਏ ਸਾਲ 2023-24 ਵਿਚ ਹੋਣ ਦੀ ਆਸ ਹੈ ਜਦੋ ਕਿ ਇਸ ਵਿਭਾਗ ਦਾ ਕੁਲ ਖਰਚਾ 7610 ਲੱਖ ਰੁਪਏ ਹੋਵੇਗਾ ਅਤੇ ਘਾਟਾ ਪੂਰਾ ਕਰਨ ਲਈ ਜਨਰਲ ਸਾਈਡ ਤੋਂ ਬਤੌਰ ਯੋਗਦਾਨ 6110.00 ਲੱਖ ਰੁਪਏ (61.10 ਕਰੋੜ ) ਲੈਣ ਦੀ ਤਜਵੀਜ ਹੈ। ਇਸ ਦਾ ਵੇਰਵਾ ਅਨੁਲਗ 3,12 ਵਿਚ ਦਰਸਾਇਆ ਗਿਆ ਹੈ।

ਉਪਰੋਕਤ ਅਨੁਸਾਰ ਜੇਕਰ ਆਪ ਜੀ ਸਹਿਮਤ ਹੋਵੇ ਤਾਂ ਰੀਵਾਈਜਡ ਬਜਟ ਸਾਲ 2022-23 ਅਤੇ ਅਨੁਮਾਨਤ ਬਜਟ ਸਾਲ 2023-24 ਦੀ ਤਜਵੀਜ ਕਮਿਸ਼ਨਰ ਸਾਹਿਬ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦਾ ਸਾਲ 2022-23 ਦਾ ਸੋਧਿਆ ਹੋਇਆ ਬਜਟ ਅਤੇ ਸਾਲ 2023-24 ਦਾ ਅਨੁਮਾਨਤ ਬਜਟ ਮਿਉਸਪਲ ਕਾਰਪੋਰੇਸ਼ਨ ਐਕਟ 1976 ਦੀ ਕ੍ਰਮਵਾਰ ਧਾਰਾ 87(1) ਅਤੇ 86(2) ਅਧੀਨ ਸਥਾਨਕ ਸਰਕਾਰ ਨੂੰ ਪ੍ਰਵਾਨਗੀ ਹਿਤ ਭੇਜਿਆ ਜਾ ਸਕੇ ਜੀ। ਉਕਤ ਤੱਥਾਂ ਨੂੰ ਮੁੱਖ ਰਖਦੇ ਹੋਏ ਇਹ ਤਜਵੀਜ ਮਾਨਯੋਗ ਕਮਿਸ਼ਨਰ ਸਾਹਿਬ ਜੀ ਵਲੋ ਆਪਣੇ ਹੁਕਮਾਂ ਰਾਹੀ ਪ੍ਰਵਾਨ ਕੀਤੀ ਗਈ ਹੈ।

ਉਪਰੋਕਤ ਕੇਸ ਨਗਰ ਨਿਗਮ, ਅੰਮ੍ਰਿਤਸਰ ਦੀ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਡਿਪਟੀ ਕੰਟਰੋਲਰ ਵਿੱਤ ਅਤੇ ਲੇਖਾ,
ਨਗਰ ਨਿਗਮ, ਅੰਮ੍ਰਿਤਸਰ।

ਮਤਾ ਨੰ: 26

ਮਿਤੀ 29/03/2023

ਪੰਜਾਬ ਮਿਉਸਪਲ ਕਾਰਪੋਰੇਸ਼ਨ ਐਕਟ 1976 ਦੇ ਅਧਿਆਇ-II ਦੀ ਧਾਰਾ 4(4) ਅਧੀਨ ਉਕਤ ਤਜਵੀਜ ਨਗਰ ਨਿਗਮ ਅੰਮ੍ਰਿਤਸਰ ਵਲੋ ਪ੍ਰਵਾਨ ਹੈ।

ਪ੍ਰਸ਼ਾਸ਼ਕ,
ਨਗਰ ਨਿਗਮ, ਅੰਮ੍ਰਿਤਸਰ।